Alberta

ਪ੍ਰੈੱਸ ਰਿਲੀਜ਼

# ਗੁੰਮਸ਼ੁਦਾ-ਪੈਸੇ ਦੇ ਡੈਟਾਬੇਸ ਨੂੰ ਖੋਜਣ ਵਾਸਤੇ ਲੱਖਾਂ ਕਾਰਨ ਮੌਜੂਦ

18 ਜੁਲਾਈ 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਸਰਕਾਰ ਲਾਵਾਰਸ ਪੈਸੇ ਅਤੇ ਪ੍ਰਾਪਰਟੀ ਦੇ ਕੁੱਲ ਮਿਲਾ ਕੇ 154 ਮਿਲੀਅਨ ਡਾਲਰਾਂ ਦੇ ਅਸਲ ਕਾਨੂੰਨੀ ਮਾਲਕਾਂ ਨੂੰ ਭਾਲ ਰਹੀ ਹੈ।

ਐਲਬਰਟਾ ਦੀ ਪ੍ਰਾਪਰਟੀ ਦੀ ਰਜਿਸਟਰੀ ਉਸ ਪੈਸੇ ਨੂੰ ਸੰਭਾਲਦੀ ਹੈ, ਜਿਹੜਾ ਗੁੰਮ ਗਿਆ, ਛੱਡ ਦਿੱਤਾ ਗਿਆ ਜਾਂ ਭੁੱਲ ਗਿਆ ਹੁੰਦਾ ਹੈ। ਰਜਿਸਟਰੀ 'ਚ ਮੌਜੂਦਾ ਸਮੇਂ ਮਿਲੀਅਨ ਡਾਲਰ ਨਕਦੀ, ਚੈੱਕਾਂ, ਮਨੀਆਰਡਰਾਂ ਅਤੇ ਹੋਰ ਲਾਵਾਰਸ ਆਈਟਮਾਂ ਦੇ ਰੂਪ 'ਚ ਪਏ ਹਨ ਜੋ ਉਨ੍ਹਾਂ ਲੋਕਾਂ ਦੇ ਹਨ ਜਿਹੜੇ ਅਚਨਚੇਤੇ ਭੁਗਤਾਨਾਂ ਦੇ ਹੱਕਦਾਰ ਹੋ ਸਕਦੇ ਹਨ।

ਐਲਬਰਟਾ ਲਾਵਾਰਸ ਪ੍ਰਾਪਰਟੀ ਦੀ ਰਜਿਸਟਰੀ ਨੇ ਇਕੱਲੇ 2023 ਦੇ ਵਰ੍ਹੇ 'ਚ 650 ਲੋਕਾਂ ਨੂੰ 1.4 ਮਿਲੀਅਨ ਡਾਲਰ ਵਾਪਸ ਮੋੜੇ। ਤਕਰੀਬਨ 350,000 ਇਕੱਲੀਆਂ ਇਕੱਲੀਆਂ ਆਈਟਮਾਂ ਰਜਿਸਟਰੀ 'ਚ ਲਾਵਾਰਸ ਪਈਆਂ ਹਨ, ਇਕ ਉਸ ਆਈਟਮ ਸਮੇਤ ਜਿਸਦੀ ਕੀਮਤ, ਜੇਕਰ ਦਾਅਵਾ ਜਤਾਇਆ ਜਾਵੇ ਤਾਂ 850,000 ਡਾਲਰ ਤੋਂ ਵੱਧ ਇਕਲੌਤਾ ਬਕਾਇਆ ਹੋਵੇਗੀ ਜਿਹੜਾ ਸੂਬੇ ਨੇ ਕਿਸੇ ਵੀ ਸਮੇਂ ਵਾਪਸ ਮੋੜਿਆ ਹੋਵੇਗਾ, ਇਹ 368,124 ਡਾਲਰ ਦੇ ਰਿਕਾਰਡ ਤੋਂ ਵੀ ਅੱਗੇ ਲੰਘ ਜਾਵੇਗਾ, ਜਿਹੜਾ 2019 'ਚ ਇਸ ਦੇ ਅਸਲ ਕਾਨੂੰਨੀ ਵਾਰਸ ਨੂੰ ਮੋੜਿਆ ਗਿਆ ਸੀ।

"ਮੁਫਤ ਦਾ ਪੈਸਾ ਕੌਣ ਪਸੰਦ ਨਹੀਂ ਕਰਦਾ? ਐਲਬਰਟਾ ਦੀ ਲਾਵਾਰਸ ਪ੍ਰਾਪਰਟੀ ਦੀ ਰਜਿਸਟਰੀ ਮੁਫਤ ਅਤੇ ਸੌਖਿਆਂ ਚੈੱਕ ਕੀਤੀ ਜਾ ਸਕਣ ਵਾਲੀ ਹੈ, ਅਤੇ ਰਜਿਸਟਰੀ ਦੀ ਇਕ ਝਟਪਟੀ ਖੋਜ ਕਿਸੇ ਵਿਅਕਤੀ ਨੂੰ ਉਸ ਪੈਸੇ ਨਾਲ ਮੁੜ ਮਿਲਾ ਸਕਦੀ ਹੈ, ਜਿਸ ਬਾਰੇ ਉਨ੍ਹਾਂ ਨੂੰ ਪਤਾ ਵੀ ਨਾ ਹੋਵੇ ਕਿ ਉਹ ਉਸਦੇ ਹੱਕਦਾਰ ਹਨ।"

*Nate Horner, ਟ੍ਰੱਈਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ*

2008 'ਚ ਇਸ ਦੇ ਹੋਂਦ 'ਚ ਆਉਣ ਤੋਂ ਲੈ ਕੇ, ਐਲਬਰਟਾ ਦੀ ਲਾਵਾਰਸ ਪ੍ਰਾਪਰਟੀ ਦੀ ਰਜਿਸਟਰੀ ਵੱਲੋਂ 8,500 ਤੋਂ ਵਧੇਰੇ ਮਾਲਕਾਂ ਨੂੰ 13.8 ਮਿਲੀਅਨ ਡਾਲਰ ਮੋੜੇ ਜਾ ਚੁੱਕੇ ਹਨ। ਲਾਵਾਰਸ ਫੰਡਾਂ ਦੇ ਸਰੋਤਾਂ 'ਚ ਸ਼ਾਮਲ ਹਨ ਲਾਵਾਰਸ ਡਿਪਾਜ਼ਿਟ, ਕੈਸ਼ ਨਾ

Classification: Public

ਕੀਤੀਆਂ ਗਈਆਂ ਤਨਖਾਹਾਂ, ਕਰਜ਼ਿਆਂ ਦੀਆਂ ਮੋੜੀਆਂ ਗਈਆਂ ਵੱਧ ਪੇਮੈਂਟਾਂ, ਅਤੇ ਗੈਰ-ਕਿਰਿਆਸ਼ੀਲ ਇੰਨਵੈਸਟਮੈਂਟ ਅਕਾਊਂਟਾਂ 'ਚ ਲਾਵਾਰਸ ਛੱਡੇ ਗਏ ਫੰਡ।

ਐਲਬਰਟਾ ਦਾ ਲਾਵਾਰਸ ਪ੍ਰਾਪਰਟੀ ਪ੍ਰੋਗਰਾਮ *Unclaimed Personal Property and Vested Property Act* ਰਾਹੀਂ ਸੂਬੇ ਵੱਲੋਂ ਸ਼ਾਸਤ ਅਤੇ ਪ੍ਰਬੰਧਤ ਕੀਤਾ ਜਾਂਦਾ ਹੈ। ਐਕਟ ਪੈਸੇ ਦੇ ਮਾਲਕਾਂ ਨੂੰ ਲਾਵਾਰਸ ਪੈਸੇ 'ਤੇ ਆਪਣਾ ਹੱਕ ਜਤਾਉਣ ਅਤੇ ਦਾਅਵਾ ਕਰਨ ਲਈ 10 ਸਾਲ ਦਿੰਦਾ ਹੈ, ਇਸ ਤੋਂ ਮਗਰੋਂ ਇਹ ਪੈਸਾ ਸਰਕਾਰ ਦੇ ਜਨਰਲ ਰੈਵੇਨਿਊ ਫੰਡ 'ਚ ਐਲਬਰਟਾ ਨਿਵਾਸੀਆਂ ਲਈ ਪ੍ਰੋਗਰਾਮ ਅਤੇ ਸੇਵਾਵਾਂ ਵਾਸਤੇ ਅਦਾਇਗੀਆਂ ਕਰਨ 'ਚ ਮਦਦ ਕਰਨ ਲਈ ਤਬਦੀਲ ਕਰ ਦਿੱਤਾ ਜਾਂਦਾ ਹੈ।

ਵਿਅਕਤੀ MissingMoney ਵੈੱਬਸਾਈਟ 'ਤੇ ਜਾ ਕੇ ਐਲਬਰਟਾ ਦੀ ਲਾਵਾਰਸ ਪ੍ਰਾਪਰਟੀ ਦੀ ਰਜਿਸਟਰੀ ਦੀ ਖੋਜ ਕਰ ਸਕਦੇ ਹਨ, ਜੋ ਕਿ ਇਕ ਪੋਰਟਲ ਹੈ ਜਿਹੜਾ ਐਲਬਰਟਾ ਅਤੇ ਉੱਤਰੀ ਅਮਰੀਕਾ ਅਧਿਕਾਰ-ਖੇਤਰਾਂ ਦੁਆਰਾ ਵਰਤਿਆ ਜਾਂਦਾ ਹੈ, ਜੋ ਕਈ ਸਾਰੇ ਅਧਿਕਾਰ ਖੇਤਰਾਂ ਦਰਮਿਆਨ ਖੋਜ ਕਰ ਸਕਣ ਦੀ ਆਗਿਆ ਦਿੰਦਾ ਹੈ।

## ਸਬੰਧਤ ਜਾਣਕਾਰੀ

- ਲਾਵਾਰਸ ਪ੍ਰਾਪਰਟੀ
- MissingMoney.com

## Media inquiries

### Justin Brattinga

587-357-2956
ਪ੍ਰੈੱਸ ਸੈਕਰੇਟਰੀ, ਟ੍ਰੱਈਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ